## ਔਨਟੇਰਿਓ ਦਾ ਬੋਲਣ ਅਤੇ ਭਾਸ਼ਾ ਦਾ ਪ੍ਰੀਸਕੂਲ ਦਾ ਪ੍ਰੋਗਰਾਮ

ਔਨਟੇਰਿਓ ਦਾ ਪ੍ਰੀਸਕੂਲ ਬੋਲਣ ਅਤੇ ਭਾਸ਼ਾ ਪ੍ਰੋਗਰਾਮ ਜਨਮ ਤੋਂ ਲੈ ਕੇ ਸਕੂਲ ਸ਼ੁਰੂ ਹੋਣ ਤਕ ਸੇਵਾਵਾਂ ਪ੍ਰਦਾਨ ਕਰਦਾ ਹੈ। ਸਾਰੇ ਪ੍ਰਦੇਸ਼ ਭਰ ਵਿਚ ਵੱਖ ਵੱਖ ਸਮੁਦਾਇਆਂ ਵਿਚ, ਜਿਹਨਾਂ ਵੀ ਹੋ ਸਕੇ ਤੁਹਾਡੇ ਘਰ ਦੇ ਨੇੜੇ, ਬੱਚਿਆਂ ਅਤੇ ਪਰਿਵਾਰਾਂ ਨੂੰ ਜਾਂਚ ਅਤੇ ਇਲਾਜ ਦੇ ਤਰੀਕੇਆਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ।

ਜੇ ਕਰ ਆਪਣੇ ਬੱਚੇ ਦੇ ਬੋਲਣ ਅਤੇ ਭਾਸ਼ਾ ਦੇ ਗੁਣਾਂ ਦੇ ਬਾਰੇ ਤੁਹਾਡੀ ਕੋਈ ਚਿੰਤਾ ਹੈ ਤਾਂ ਤੁਸੀ ਔਨਟੇਰਿਓ ਦੇ ਪ੍ਰੀਸਕੂਲ ਬੋਲਣ ਅਤੇ ਭਾਸ਼ਾ ਪ੍ਰੋਗਰਾਮ ਤੋਂ ਸਹਾਇਤਾ ਲੈ ਸਕਦੇ ਹੋ।  ਪ੍ਰੋਗਰਾਮ ਦਾ ਸਟਾਫ਼ ਤੁਹਾਨੂੰ ਸਿੱਖਾ ਸਕਦਾ ਹੈ ਕਿ ਆਪਣੇ ਬੱਚੇ ਨੂੰ ਸੇਹਤਮੰਦ ਵਿਕਾਸ ਦੇ ਲਈ ਸੱਭ ਤੋਂ ਵੱਧਿਆ ਮੌਕਾ ਦੇਣ ਲਈ ਤੁਸੀ ਆਪਣੇ ਬੱਚੇ ਵਿਚ ਤਾਲ ਮੇਲ ਦੇ ਹੁਨਰਾਂ ਦੇ ਵਿਕਾਸ ਵਿਚ ਕਿਸ ਤਰ੍ਹਾਂ ਮਦੱਦ ਕਰ ਸਕਦੇ ਹੋ।

ਔਨਟੇਰਿਓ ਦੇ ਪ੍ਰੀਸਕੂਲ ਬੋਲਣ ਅਤੇ ਭਾਸ਼ਾ ਪ੍ਰੋਗਰਾਮ ਤੁਹਾਨੂੰ ਇਹ ਸੇਵਾਵਾਂ ਮੁਫ਼ਤ ਵਿਚ ਦਿੰਦਾ ਹੈ ਅਤੇ ਇਸ ਲਈ ਕਿਸੇ ਡਾਕਟਰ ਦਾ ਹਵਾਲਾ ਵੀ ਨਹੀਂ ਚਾਹੀਦਾ।

ਮਦੱਦ ਕਰਨ ਲਈ ਕੋਈ ਵੀ ਸਮਾਂ ਬਹੁਤ ਜਲਦੀ ਨਹੀਂ ਹੈ।

**ਬੋਲਚਾਲ ਅਤੇ ਭਾਸ਼ਾ ਸਬੰਧੀ ਸਥਾਨਕ ਪ੍ਰੋਗਰਾਮਾਂ ਬਾਰੇ ਜਾਣਕਾਰੀ ਵਾਸਤੇ** ontario.ca/earlychildhood **ਦੇਖੋ ਅਤੇ** Speech and Language **'ਤੇ ਕਲਿੱਕ ਕਰੋ।**

To order by phone:
1-800-668-9938
TTY: 1-800-268-7095

Or visit: www.serviceontario.ca/publications
Publication # 019528

Learn more: www.ontario.ca/children

Nov/2014 © Queen's Printer for Ontario

PUNJABI





# ਤੁਹਾਡੇ ਬੱਚੇ ਦੇ ਜਨਮ ਤੋਂ ਲੈ ਕੇ 30 ਮਹੀਨੇਆਂ ਤਕ ਬੋਲਣ ਅਤੇ ਭਾਸ਼ਾ ਦੇ ਹੁਨਰ

Ontario



ਪੈਦਾ ਹੋਣ ਦੇ ਸਮੇਂ ਤੋਂ ਹੀ, ਬੱਚੇ ਤਾਲਮੇਲ ਕਰਨਾ ਸ਼ੁਰੂ ਕਰ ਦਿੰਦੇ ਹਨ। ਆਪਣੀ ਜ਼ਿੰਦਗੀ ਦੀ ਸ਼ੁਰੂਆਤ ਵਿਚ ਹੀ, ਉਹ ਸਮਝ ਜਾਂਦੇ ਹਨ ਕਿ ਤੁਸੀ ਕੀ ਕਹਿ ਰਹੇ ਹੋ ਅਤੇ ਆਪਣੀਆਂ ਖੁਦ ਦੀਆਂ ਆਵਾਜ਼ਾਂ ਕੱਢਦੇ ਹਨ। ਉਹ ਬੋਲਣ ਅਤੇ ਭਾਸ਼ਾ ਦੇ ਹੁਨਰਾਂ ਦਾ ਵਿਕਾਸ ਕਰਨਾ ਸ਼ੁਰੂ ਕਰ ਰਹੇ ਹਨ ਜਿਸ ਨਾਲ ਉਹਨਾਂ ਨੂੰ ਦੋਸਤ ਬਣਾਉਣ ਵਿਚ ਅਤੇ ਪੜਣਾ ਸਿੱਖਣ ਵਿਚ ਅਤੇ ਬਾਅਦ ਵਿਚ ਸਕੂਲ ਅਤੇ ਜ਼ਿੰਦਗੀ ਵਿਚ ਸਫ਼ਲ ਹੋਣ ਵਿਚ ਮਦੱਦ ਮਿਲੇਗੀ। ਤਾਲ ਮੇਲ ਦੇ ਗੁਣ ਤੁਹਾਡੇ ਬੱਚੇ ਦੇ ਭਵਿੱਖ ਦੀ ਸਫ਼ਲਤਾ ਬਹੁਤ ਜ਼ਰੂਰੀ ਹੈ।

10 ਵਿਚੋਂ ਇੱਕ ਬੱਚੇ ਨੂੰ ਆਮ ਤਰੀਕੇ ਨਾਲ ਬੋਲਣ ਅਤੇ ਭਾਸ਼ਾ ਦੇ ਹੁਨਰਾਂ ਦੇ ਵਿਕਾਸ ਲਈ ਮਦੱਦ ਦੀ ਲੋੜ ਹੁੰਦੀ ਹੈ। ਇਸ ਮਦੱਦ ਤੋਂ ਬਿਨਾਂ ਸੁਣਨਾਂ ਅਤੇ ਬੋਲਣਾ ਇੱਕ ਸੰਘਰਸ਼ ਹੁੰਦਾ ਹੈ, ਪੜਣਾ ਸਿੱਖਣਾ ਵੀ ਕਠਿਨ ਹੁੰਦਾ ਹੈ, ਅਤੇ ਦੂਸਰੇ ਬੱਚਿਆਂ ਦੇ ਨਾਲ ਖੇਡਣਾ ਮੁਸ਼ਕਿਲ ਹੁੰਦਾ ਹੈ।



# ਵਿਕਾਸਾਤਮਕ ਮੀਲ-ਪੱਥਰ

ਇਹ ਵਿਕਾਸਾਤਮਕ ਮੀਲਪੱਥਰ ਉਨ੍ਹਾਂ ਕੁੱਝ ਹੁਨਰਾਂ ਨੂੰ ਦਰਸਾਉਂਦੇ ਹਨ ਜੋ ਛੋਟੇ ਬੱਚਿਆਂ ਵੱਲੋਂ ਬੋਲਣਾ ਸਿੱਖਣ ਦੌਰਾਨ ਕੀਤੀ ਤਰੱਕੀ ਦੀ ਨਿਸ਼ਾਨਦੇਹੀ ਕਰਦੇ ਹਨ। ਇੱਥੇ ਕੁੱਝ ਅਜਿਹੇ ਨੁਕਤੇ ਵੀ ਦਿੱਤੇ ਜਾ ਰਹੇ ਹਨ ਕਿ ਬੋਲਣ ਦੀ ਕਾਬਲੀਅਤ ਅਤੇ ਭਾਸ਼ਾ ਦਾ ਹੁਨਰ ਵਿਕਸਤ ਕਰਨ ਵਿੱਚ ਤੁਸੀਂ ਆਪਣੇ ਬੱਚੇ ਦੀ ਮਦਦ ਕਿਵੇਂ ਕਰ ਸਕਦੇ ਹੋ। ਜੇ ਤੁਹਾਡਾ ਬੱਚਾ ਇਨਾਂ ਵਿੱਚੋਂ ਇੱਕ ਜਾਂ ਵਧੇਰੇ ਮੀਲਪੱਥਰਾਂ ਮੁਤਾਬਕ ਨਹੀਂ ਚੱਲ ਰਿਹਾ ਤਾਂ ਮਿਹਰਬਾਨੀ ਕਰ ਕੇ ਆਪਣੇ ਨੇੜੇ ਦੇ ਸਕੂਲ ਤੋਂ ਪਹਿਲਾਂ ਦੀ ਉਮਰ ਦੇ ਬੋਲ ਸਕਣ ਅਤੇ ਬੋਲੀ ਦੇ ਵਿਕਾਸ ਦੀ ਕਾਬਲੀਅਤ ਦੇ ਪ੍ਰੋਗਰਾਮ ਨਾ਼ਲ ਸੰਪਰਕ ਕਰੋ।



## 6 ਮਹੀਨੇ ਤਕ

- ਆਵਾਜ਼ ਪੈਦਾ ਹੋਣ ਦੇ ਵਸੀਲੇ ਵੱਲ ਮੂੰਹ ਮੋੜਦਾ ਹੈ
- ਅਚਾਨਕ, ਉੱਚੀ ਆਵਾਜ਼ ਹੋਣ ਤੇ ਚੌਂਕਦਾ ਹੈ
- ਅਲੱਗ-ਅਲੱਗ ਲੋੜਾਂ – ਮੈਂ ਭੁੱਖਾ ਹਾਂ, ਮੈਂ ਥੱਕ ਗਿਆ ਹਾਂ – ਲਈ ਅਲੱਗ-ਅਲੱਗ ਤਰ੍ਹਾਂ ਰੋਂਦਾ ਹੈ
- ਜਦੋਂ ਤੁਸੀਂ ਬੋਲਦੇ ਹੋ, ਤੁਹਾਡੇ ਮੂੰਹ ਵੱਲ ਵੇਖਦਾ ਹੈ
- ਤੁਹਾਡੀਆਂ ਮੁਸਕਰਾਹਟਾਂ ਅਤੇ ਹਾਸਿਆਂ ਦੇ ਜਵਾਬ ਵਿੱਚ ਮੁਸਕਰਾਉਂਦਾ ਅਤੇ ਹੱਸਦਾ ਹੈ
- ਖੰਘਣ ਅਤੇ ਹੋਰ ਆਵਾਜ਼ਾਂ ਦੀ ਨਕਲ ਕਰਦਾ ਹੈ – *ਆਅ, ਐਅ, ਬੁਅਅਅ*

## 9 ਮਹੀਨੇ ਤਕ

- ਆਪਣਾ ਨਾਮ ਕਹੇ ਜਾਣ ਦਾ ਜਵਾਬ ਦਿੰਦਾ ਹੈ
- ਟੈਲੀਫ਼ੋਨ ਦੀ ਘੰਟੀ ਵੱਜਣ ਜਾਂ ਦਰਵਾਜੇ ਤੇ ਦਸਤਕ ਹੋਣ ਦਾ ਅਸਰ ਮੰਨਦਾ ਹੈ
- "ਨਾਂਹ" ਕਹੇ ਜਾਣ ਦਾ ਅਰਥ ਸਮਝਦਾ ਹੈ
- ਆਵਾਜ਼ਾਂ ਅਤੇ ਇਸ਼ਾਰਿਆਂ ਨਾਲ ਜੋ ਵੀ ਮੰਗਦਾ ਮਿਲ ਜਾਂਦਾ ਹੈ ਉਦਾਹਰਣ ਲਈ, ਚੁੱਕੇ ਜਾਣ ਲਈ ਹੱਥ ਅੱਗੇ ਕਰਨੇ।
- ਤੁਹਾਡੇ ਨਾਲ ਸਮਾਜਿਕ ਖੇਡਾਂ ਖੇਡਦਾ ਹੈ, ਜਿਵੇਂ ਲੁਕਣ-ਮੀਟੀ
- ਲੋਕਾਂ ਵਿੱਚ ਵਿਚਰਨਾ ਪਸੰਦਾ ਕਰਦਾ ਹੈ
- ਤੁਤਲਾਂਦਾ ਅਤੇ ਆਵਾਜ਼ਾਂ ਦੁਹਰਾਉਂਦਾ ਹੈ – *ਬਾਬਾਬਾਬਾ, ਦਾਦਾਦਾਦਾ*

## 12 ਮਹੀਨੇ ਤਕ

- ਇੱਕ-ਪੜਾਵੀ ਸਾਦੀਆਂ ਹਿਦਾਇਤਾਂ ਦੀ ਪਾਲਣਾ ਕਰਦਾ ਹੈ – "ਬੈਠ ਜਾਉ"
- ਤੁਹਾਡੇ ਵੱਲੋਂ ਇਸ਼ਾਰਾ ਕੀਤੇ ਜਾਣ ਤੇ ਕਮਰੇ ਦੇ ਦੂਜੇ ਪਾਸੇ ਵੱਲ ਵੇਖਦਾ ਹੈ
- ਤਿੰਨ ਜਾਂ ਵਧੇਰੇ ਲਫਜ਼ ਵਰਤਦਾ ਹੈ
- ਇਸ਼ਾਰਿਆਂ ਨਾਲ ਗੱਲਬਾਤ ਕਰਦਾ ਹੈ – ਹੱਥ ਹਿਲਾ ਕੇ "ਬਾਇ-ਬਾਇ", ਸਿਰ ਫੇਰ ਕੇ "ਨਾਂਹ"
- ਤੁਹਾਡੀਆਂ ਅੱਖਾਂ ਵੱਲ ਵੇਖਦਿਆਂ ਆਵਾਜ਼ਾਂ, ਇਸ਼ਾਰੇ ਅਤੇ ਉਂਗਲਾਂ ਚੁੱਕ ਕੇ ਤੁਹਾਡਾ ਧਿਆਨ ਖਿੱਚਦਾ ਹੈ
- ਤੁਹਾਨੂੰ ਵਿਖਾਉਣ ਲਈ ਖਿਡੌਣੇ ਲਿਆਉਂਦਾ ਹੈ
- ਧਿਆਨ ਅਤੇ ਪ੍ਰਸ਼ੰਸਾ ਲਈ "ਤਮਾਸ਼ੇ" ਕਰਦਾ ਹੈ
- ਕਈ ਸਾਰੀਆਂ ਆਵਾਜ਼ਾਂ ਨੂੰ ਇਉਂ ਜੋੜਦਾ ਹੈ ਜਿਵੇਂ ਗੱਲ ਕਰ ਰਿਹਾ ਹੋਵੇ – *ਅਬਾਡਾ ਬਾਡੂਹ ਐਬੀਅ*
- ਤਸਵੀਰਾਂ ਵਾਲੀਆਂ ਸਾਦੀਆਂ ਕਿਤਾਬਾਂ ਵਿੱਚ ਦਿਲਚਸਪੀ ਲੈਂਦਾ ਹੈ

## ਬੱਚੇ ਪਸੰਦ ਕਰਦੇ ਹਨ ਜਦੋਂ ਤੁਸੀਂ:

- ਉਨ੍ਹਾਂ ਦੇ ਕੱਦ ਬਰਾਬਰ ਆ ਜਾਂਦੇ ਹੋ ਤਾਂ ਕਿ ਉਹ ਤੁਹਾਡਾ ਮੂੰਹ ਵੇਖ ਸਕਣ। ਇਸ ਨਾਲ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਤੁਸੀਂ ਉਨ੍ਹਾਂ ਦੇ ਕੰਮਾਂ ਅਤੇ ਗੱਲਾਂ ਵਿੱਚ ਦਿਲਚਸਪੀ ਲੈਂਦੇ ਹੋ। ਇਸ ਨਾਲ ਉਨ੍ਹਾਂ ਲਈ ਤੁਹਾਡੇ ਨਾਲ ਗੱਲ ਕਰਨੀ ਸੌਖੀ ਹੋ ਜਾਂਦੀ ਹੈ।
- ਉਨ੍ਹਾਂ ਵੱਲੋਂ ਪੈਦਾ ਕੀਤੀਆਂ ਆਵਾਜ਼ਾਂ ਦੁਹਰਾਉ। ਬੱਚੇ ਆਵਾਜ਼ਾਂ ਕੱਢਣੀਆਂ ਪਸੰਦ ਕਰਦੇ ਹਨ ਅਤੇ ਜਦੋਂ ਤੁਸੀਂ ਉਨ੍ਹਾਂ ਆਵਾਜ਼ਾਂ ਦੀ ਨਕਲ ਵਾਰ-ਵਾਰ ਕਰਦੇ ਹੋ, ਤਾਂ ਉਹ ਇਸ ਨੂੰ ਪਸੰਦ ਕਰਦੇ ਹਨ।
- ਗਾਉ ਅਤੇ ਹੱਸੋ, ਖਾਸ ਕਰ ਕੇ ਜਦੋਂ ਤੁਸੀਂ ਉਨ੍ਹਾਂ ਨੂੰ ਖਾਣਾ ਖੁਆ ਰਹੇ, ਨਹਾ ਰਹੇ ਹੋਵੋਂ, ਅਤੇ ਉਨ੍ਹਾਂ ਦੇ ਕੱਪੜੇ ਬਦਲ ਰਹੇ ਹੋਵੋਂ। ਆਪਣੇ ਬੱਚੇ ਨਾਲ ਆਪਣੇ ਵੱਲੋਂ ਦਿਨ ਭਰ ਕੀਤੀਆਂ ਜਾਣ ਵਾਲੀਆਂ ਅਤੇ ਵੇਖਣ ਵਾਲੀਆਂ ਗੱਲਾਂ ਬਾਰੇ ਗੱਲ ਕਰਨਾ ਯਾਦ ਰੱਖੋ – "ਮੰਮੀ ਆਪਣਾ ਕੋਟ ਪਾ ਰਹੀ ਹੈ", "ਆਹ ਬੜਾ ਵੱਡਾ ਟਰੱਕ ਹੈ!"
- ਜਿਹੜੀਆਂ ਚੀਜ਼ਾਂ ਵੱਲ ਉਹ ਵੇਖ ਰਹੇ ਹੋਣ ਜਾਂ ਜਿਨ੍ਹਾਂ ਨਾਲ ਉਹ ਖੇਡ ਰਹੇ ਹੋਣ, ਉਨ੍ਹਾਂ ਨੂੰ ਉਨ੍ਹਾਂ ਦੇ ਨਾਮ ਦੱਸੋ। ਬੱਚੇ ਖੋਜ-ਬੀਨ ਕਰਨਾ ਅਤੇ ਨਵੀਆਂ ਚੀਜ਼ਾਂ ਬਾਰੇ ਸਿੱਖਣਾ ਪਸੰਦ ਕਰਦੇ ਹਨ, ਅਤੇ ਇਹ ਪਤਾ ਲਾਉਣਾ ਪਸੰਦ ਕਰਦੇ ਹਨ ਕਿ ਉਨ੍ਹਾਂ ਵਸਤਾਂ ਦੇ ਨਾਮ ਕੀ ਹਨ।

## 18 ਮਹੀਨੇ ਤਕ

- "ਅੰਦਰ ਅਤੇ ਬਾਹਰ", "ਬੰਦ ਅਤੇ ਚੱਲਦਾ" ਦੇ ਸੰਕਲਪ ਸਮਝਦਾ ਹੈ
- ਕਹੇ ਜਾਣ ਤੇ ਸਰੀਰ ਦੇ ਕਈ ਹਿੱਸਿਆਂ ਵੱਲ ਇਸ਼ਾਰਾ ਕਰਦਾ ਹੈ
- ਘੱਟੋ-ਘੱਟ 20 ਲਫਜ਼ ਵਰਤਦਾ ਹੈ
- ਸਾਦੇ ਸਵਾਲਾਂ – "ਟੈਡੀ ਕਿੱਥੇ ਐ?", "ਆਹ ਕੀ ਐ?" – ਦਾ ਜਵਾਬ ਲਫਜ਼ਾਂ ਜਾਂ ਇਸ਼ਾਰਿਆਂ ਨਾਲ ਦਿੰਦਾ ਹੈ
- ਖਿਡੌਣਿਆਂ ਨਾਲ ਝੂਠੀ-ਮੂਠੀ ਦੀ ਕੁੱਝ ਖੇਡ ਖੇਡਦਾ ਹੈ – ਟੈਡੀ ਨੂੰ ਪੀਣ ਨੂੰ ਕੁੱਝ ਦਿੰਦਾ ਹੈ
- ਘੱਟੋ-ਘੱਟ ਚਾਰ ਵੱਖੋ-ਵੱਖਰੀਆਂ ਵਿਅੰਜਨਾਤਮਕ ਆਵਾਜ਼ਾਂ ਕੱਢਦਾ ਹੈ – *ਬ, ਨ, ਡ, ਜ, ਵ, ਹ*
- ਪੜ੍ਹ ਕੇ ਸੁਣਾਏ ਜਾਣ ਤੇ, ਅਤੇ ਤੁਹਾਡੇ ਨਾਲ ਮਿਲ ਕੇ ਸਾਦੀਆਂ ਕਿਤਾਬਾਂ ਵੇਖਣੀਆਂ ਪਸੰਦ ਕਰਦਾ ਹੈ
- ਇੱਕ ਹੀ ਉਂਗਲ ਨਾਲ ਤਸਵੀਰਾਂ ਵੱਲ ਇਸ਼ਾਰਾ ਕਰਦਾ ਹੈ

## 24 ਮਹੀਨੇ ਤਕ

- ਦੋ ਪੜਾਵੀ ਹਿਦਾਇਤਾਂ ਮੰਨਦਾ ਹੈ – "ਜਾਹ ਆਪਣਾ ਟੈਡੀ ਬਿਅਰ ਲੱਭ ਤੇ ਦਾਦੀ ਨੂੰ ਦਿਖਾ"
- 100 ਜਾਂ ਵਧੇਰੇ ਲਫਜ਼ ਵਰਤਦਾ ਹੈ
- ਘੱਟੋ-ਘੱਟ ਦੋ ਪੜਨਾਂਵ ਵਰਤਦਾ ਹੈ – "ਤੁਸੀਂ", "ਮੈਂ", "ਮੇਰਾ"
- ਦੋ ਤੋਂ ਚਾਰ ਲਫਜ਼ਾ ਨੂੰ ਛੋਟੇ ਵਾਕੰਸ਼ਾ ਵਿੱਚ ਵਾਰ-ਵਾਰ ਜੋੜਦਾ ਹੈ – "ਡੈਡੀ ਟੋਪੀ", "ਟਰੱਕ ਚਲੇ ਗਿਆ"
- ਹੋਰ ਬੱਚਿਆਂ ਨਾਲ ਖੁਸ਼ ਰਹਿੰਦਾ ਹੈ
- ਹਾਣੀਆਂ ਨੂੰ ਖਿਡੌਣੇ ਦੇਣ ਲੱਗਦਾ ਹੈ ਅਤੇ ਹੋਰ ਬੱਚਿਆਂ ਦੀਆਂ ਹਰਕਤਾਂ ਅਤੇ ਲਫਜ਼ਾਂ ਦੀ ਨਕਲ ਲਾਉਂਦਾ ਹੈ
- ਉਸ ਦੀਆਂ 50 ਤੋਂ 60 ਫੀ ਸਦੀ ਗੱਲਾਂ ਲੋਕਾਂ ਦੀ ਸਮਝ ਵਿੱਚ ਆਉਂਦੀਆਂ ਹਨ
- ਆਰਾਮ ਨਾਲ, ਬਿਨਾ ਕਿਸੇ ਔਖਿਆਈ ਦੇ ਲਫਜ਼ ਅਤੇ ਆਵਾਜ਼ਾ ਸਿਰਜ ਲੈਂਦਾ ਹੈ
- ਕਿਤਾਬਾਂ ਸਿੱਧੀਆਂ ਫੜਦਾ ਹੈ ਅਤੇ ਪੰਨੇ ਪਲਟਦਾ ਹੈ
- ਜਾਨਵਰ-ਰੂਪੀ ਖਿਡੌਣਿਆਂ ਜਾਂ ਬਾਕੀ ਖਿਡੌਣਿਆਂ ਨੂੰ "ਪੜ੍ਹ" ਕੇ ਸੁਣਾਉਂਦਾ ਹੈ
- ਰੰਗਾਂ ਨਾਲ ਝਰੀਟਾਂ ਮਾਰਦਾ ਹੈ

## 30 ਮਹੀਨੇ ਤਕ

- ਆਕਾਰ (ਵੱਡਾ/ਛੋਟਾ), ਅਤੇ ਮਿਕਦਾਰ (ਥੋੜਾ ਜਿਹਾ, ਬਹੁਤ, ਜ਼ਿਆਦਾ) ਦੇ ਸੰਕਲਪ ਨੂੰ ਸਮਝਦਾ ਹੈ
- ਕੁਝ ਕੁ ਬਾਲਗ ਵਿਆਕਰਨ ਦੀ ਵਰਤੋਂ ਕਰਦਾ ਹੈ – "ਦੋ ਸੇਬ", "ਪੰਛੀ ਉੱਡ ਰਹਿਾ", "ਮੈ ਛਾਲ ਮਾਰੀ"
- 350 ਤੋਂ ਵੀ ਵਧੇਰੇ ਲਫਜ਼ ਵਰਤਦਾ ਹੈ
- ਕਾਰਵਾਈ ਵਾਲੇ ਲਫਜ਼ ਵਰਤਦਾ ਹੈ – ਦੌੜ, ਡੁੱਲ੍ਹ ਗਿਆ, ਡਿੱਗਿਆ
- ਖਿਡੌਣੇ ਅਤੇ ਲਫਜ਼ ਵਰਤਦਿਆਂ ਦੂਜੇ ਬੱਚਿਆਂ ਨਾਲ ਛੋਟੀ-ਛੋਟੀ ਵਾਰੀ ਲੈਣ ਲੱਗਦਾ ਹੈ
- ਜੇ ਕੋਈ ਹੋਰ ਬੱਚਾ ਸੱਟ ਖਾ ਬੈਠੇ ਜਾਂ ਉਦਾਸ ਲੱਗੇ ਤਾਂ ਫਿਕਰ ਜਤਾਉਂਦਾ ਹੈ
- ਖੇਡ ਵਿੱਚ ਕਈ ਕਾਰਵਾਈਆਂ ਜੋੜਦਾ ਹੈ – ਗੁੱਡੀ ਨੂੰ ਖਾਣਾ ਖੁਆ ਕੇ ਸੁਆਉਂਦਾ ਹੈ; ਖਿਡੌਣਾ ਰੇਲ ਗੱਡੀ ਵਿੱਚ ਸਮਾਨ ਲੱਦ ਕੇ ਫਿਰ ਰੇਲ ਚਲਾਉਂਦਾ ਹੈ ਅਤੇ ਸਾਮਾਨ ਲਾਹ ਕੇ ਆਉਂਦਾ ਹੈ
- ਬਹੁਤੇ ਲਫਜ਼ਾਂ ਦੇ ਮੁੱਢ ਵਿੱਚ ਆਵਾਜ਼ਾਂ ਪਾਉਂਦਾ ਹੈ
- ਦੋ ਜਾਂ ਵਧੇਰੇ ਉਚਾਰ-ਖੰਡਾਂ ਵਾਲੇ ਲਫਜ਼ ਸਿਰਜਦਾ ਹੈ – "ਬੈ-ਨਾ-ਨਾ", "ਕੰ-ਪਿ-ਊ-ਟਰ", "ਐੱ-ਪਲ"
- ਜਾਣੇ-ਪਛਾਣੇ ਲਗੋ ਅਤੇ ਚਿਨਾਂ ਨ ਪਛਾਣਦਾ ਹੈ – ਰੁਕਣ ਦਾ ਚਿੰਨ੍ਹ
- ਸੁਣੀਆਂ ਹੋਈਆਂ ਕਹਾਣੀਆਂ ਯਾਦ ਰੱਖਦਾ ਅਤੇ ਸਮਝਦਾ ਹੈ

## ਰਿੜ੍ਹਨ ਵਾ਼ਲੇ ਬੱਚੇ ਪਸੰਦ ਕਰਦੇ ਹਨ ਜਦੋਂ ਤੁਸੀ:

- ਉਨ੍ਹਾਂ ਨੂੰ ਕਿਤਾਬਾਂ ਛੂਹਣ ਅਤੇ ਫੜ੍ਹਨ ਦਿੰਦੇ ਹੋ ਜਦੋਂ ਤੁਸੀਂ ਤਸਵੀਰਾਂ ਵੱਲ ਇਸ਼ਾਰੇ ਕਰਦੇ ਅਤੇ ਉਨ੍ਹਾਂ ਦੇ ਨਾਮ ਦੱਸਦੇ ਹੋ।
- ਤੁਤਲਾ ਕੇ ਗੱਲ ਕਰਨ ਦੀ ਜਗ੍ਹਾ ਅਸਲੀ ਲਫਜ਼ ਵਰਤਦੇ ਹੋ – ਜਿਵੇਂ "ਤਾ ਤਾ" ਕਹਿਣ ਦੀ ਜਗ੍ਹਾ "ਲਿਆ, ਮੈਨੂੰ ਦੇ", ਅਤੇ "ਬਾ ਬਾ" ਕਹਿਣ ਦੀ ਜਗ੍ਹਾ "ਬੋਤਲ"।
- ਉਨ੍ਹਾਂ ਦੀ ਗੱਲ ਸੁਣਨ ਲਈ ਸਮਾਂ ਕੱਢਦੇ ਹੋ – ਉਹ ਚਾਹੁੰਦੇ ਹਨ ਕਿ ਤੁਸੀਂ ਉਨ੍ਹਾਂ ਦੀਆਂ ਸਾਰੀਆਂ ਨਵੀਆਂ ਆਵਾਜ਼ਾਂ, ਲਫਜ਼ ਅਤੇ ਵਿਚਾਰ ਸੁਣੋਂ।
- ਮੰਨਣ ਲਈ ਉਨ੍ਹਾਂ ਨੂੰ ਸਾਦੀਆਂ ਹਿਦਾਇਤਾਂ ਦਿੰਦੇ ਹੋ – "ਜਾਹ ਆਪਣੀ ਲਾਲ ਜੁੱਤੀ ਲੱਭ ਕੇ ਲਿਆ"।
- ਉਨ੍ਹਾਂ ਨਾਲ ਗੱਲ ਕਰਨ ਲੱਗੇ ਬੜੇ ਵੱਖੋ-ਵੱਖਰੇ ਲਫਜ਼ ਬੋਲਦੇ ਹੋ – ਉਲਟੇ ਲਫਜ਼ ਜਿਵੇਂ ਉੱਪਰ/ਥੱਲੇ, ਅੰਦਰ/ਬਾਹਰ, ਕਾਰਵਾਈ ਵਾਲੇ ਲਫਜ਼ ਜਿਵੇਂ "ਦੌੜਨਾ", "ਛਲਕਾਉਣਾ", ਅਤੇ ਵੇਰਵੇਦਾਰ ਲਫਜ਼ ਜਿਵੇਂ "ਖੁਸ਼", "ਵੱਡਾ", "ਛੋਟਾ", "ਸਾਫ਼", "ਗੰਦਾ"।
- ਉਨ੍ਹਾਂ ਨੂੰ ਹੋਰਨਾਂ ਬੱਚਿਆਂ ਨਾਲ ਖੇਡਣ ਲਈ ਉਤਸ਼ਾਹਿਤ ਕਰੋ – ਲਾਇਬ੍ਰੇਰੀ, ਖੇਡਣ ਦੇ ਗਰੁੱਪਾਂ ਅਤੇ ਪਾਰਕ ਵਿੱਚ।